2026112228
05/01/2026

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਪਸਨਾਕ-ਏ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

ਮੀਮੋ ਨੰ : SCERT-SDP01/124/2025-SDP-SCERT-Part(2)/1013657/11
ਮਿਤੀ : ਐਸ.ਏ.ਐਸ ਨਗਰ, 02-01-2026

ਪਬਲਿਕ ਨੋਟਿਸ

"ਸਕੂਲ ਆਫ ਐਮੀਨੈਂਸ" ਅਤੇ Meritorious ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਵਿੱਚ ਦਾਖਲੇ ਲਈ ਸਾਂਝੀ ਦਾਖਲਾ ਪ੍ਰਵੇਸ਼ ਪ੍ਰੀਖਿਆ

ਸਾਲ 2026-27

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ ਵੱਲੋਂ 8ਵੀਂ ਅਤੇ 10ਵੀਂ ਕਲਾਸਾਂ ਵਿੱਚ ਪੜ੍ਹਦੇ ਪ੍ਰੀਖਿਆਰਥੀਆਂ ਦੀ ਸੈਸ਼ਨ 2026-27 ਲਈ "ਸਕੂਲ ਆਫ ਐਮੀਨੈਂਸ" (School of Eminence) ਅਤੇ Meritorious ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਵਿੱਚ ਦਾਖਲਾ ਲੈਣ ਲਈ ਸਾਂਝੀ ਦਾਖਲਾ ਪ੍ਰਵੇਸ਼ ਪ੍ਰੀਖਿਆ ਮਿਤੀ 01-03-2026 (ਐਤਵਾਰ) ਨੂੰ ਲਈ ਜਾਣੀ ਹੈ। "ਸਕੂਲ ਆਫ ਐਮੀਨੈਂਸ" (School of Eminence) ਅਤੇ Meritorious ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਵਿੱਚ ਦਾਖਲਾ ਲੈਣ ਲਈ ਪ੍ਰੀਖਿਆਰਥੀਆਂ ਵੱਲੋਂ ਆਨਲਾਈਨ ਰਜਿਸਟ੍ਰੇਸ਼ਨ ਮਿਤੀ 03-01-2026 ਤੋਂ 20-01-2026 ਤੱਕ https://schoolofeminence.pseb.ac.in ਤੇ ਕੀਤੀ ਜਾ ਸਕਦੀ ਹੈ। ਇਹ ਰਜਿਸਟ੍ਰੇਸ਼ਨ ਲਿੰਕ www.ssapunjab.org, www.epunjabschool.gov.in ਅਤੇ www.pseb.ac.in ਤੇ ਵੀ ਉਪਲੱਬਧ ਹੈ। ਇਹਨਾਂ ਦਾਖਲਾ ਪ੍ਰੀਖਿਆਵਾਂ ਸੰਬੰਧੀ ਪੂਰੀ ਜਾਣਕਾਰੀ ਨਾਲ ਨੱਥੀ ਕੀਤੀ ਗਈ ਹੈ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ।

ਦਫਤਰ ਸਿਖਿਆ ਅਫਸਰ ਸੈਕੰਡਰੀ ਫਰੀਦਕੋਟ
ਮੀਮੋ ਨੰਬਰ ਨੰ 8-6/2025/5037 ਮਿਤੀ 05/01/2026
ਉਪਰੋਕਤ ਮਿਤੀ ਦੇ ਸਬੰਧ ਵਿਚ ਸਕੂਲ ਸਟਾਫ ਨੂੰ ਸਿਖਿਆ ਬਾਰੇ ਤੇ ਕਿ ਸੈਸ਼ਨ 2026-27 ਲਈ ਸਕੂਲ ਆਫ ਐਮੀਨੈਂਸ ਅਤੇ ਮੈਰੀਟੋਰੀਅਸ ਸਕੂਲ ਵਿਚ 9ਵੀਂ ਅਤੇ 11 ਵੀਂ ਜਮਾਤਾਂ ਲਈ ਦਾਖਲਾ ਟੈਸਟ ਲਈ ਸਾਂਝੇ ਦਾਖਲਾ ਪ੍ਰੀਖਿਆ 01/03/26 ਐਤਵਾਰ ਨੂੰ ਕਰਾਉਣੀ ਹੈ ਦਾਖਲਾ ਟੈਸਟ ਲਈ ਆਨਲਾਈਨ ਰਜਿਸਟ੍ਰੇਸ਼ਨ ਮਿਤੀ 03/01/2026 ਤੋਂ 20/01/2026 ਤੱਕ ਕਰਨੀ ਯਕੀਨੀ ਬਣਾਈ

ਜਿਲ੍ਹਾ ਸਿਖਿਆ ਅਫਸਰ ਸੈਕੰਡਰੀ
ਫਰੀਦਕੋਟ
05/01/26

Punjab Government Gazette

EXTRAORDINARY

Published by Authority

CHANDIGARH, FRIDAY, MAY 5, 2023 (VAISAKHA 15, 1945 SAKA)

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-7 ਸ਼ਾਖਾ)

ਨੋਟੀਫਿਕੇਸ਼ਨ

ਮਿਤੀ 4 ਮਈ, 2023

ਨੰ: SED-EDU709/1/2023-4EDU I/541081/2023.-ਸੀਨੀਅਰ ਸੈਕੰਡਰੀ ਰੈਜ਼ੀਡੈਂਸ਼ਲ ਸਕੂਲ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ (ਮੈਰੀਟੋਰੀਅਸ ਸਕੂਲ), ਤਲਵਾੜਾ ਵਿੱਚ 9ਵੀਂ ਜਮਾਤ ਅਤੇ ਸੀਨੀਅਰ ਸੈਕੰਡਰੀ ਰੈਜ਼ੀਡੈਂਸ਼ਲ ਸਕੂਲ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ (ਮੈਰੀਟੋਰੀਅਸ ਸਕੂਲ), ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਗੁਰਦਾਸਪੁਰ, ਜਲੰਧਰ, ਲੁਧਿਆਣਾ, ਮੋਹਾਲੀ, ਪਟਿਆਲਾ, ਸੰਗਰੂਰ ਅਤੇ ਤਲਵਾੜਾ ਵਿਖੇ 11ਵੀਂ ਜਮਾਤ ਵਿੱਚ ਦਾਖਲੇ ਲਈ ਸੰਯੁਕਤ ਪ੍ਰਵੇਸ਼ ਪ੍ਰੀਖਿਆ ਅਤੇ ਸੰਯੁਕਤ ਮੈਰਿਟ ਅਧਾਰਤ ਦਾਖਲਾ ਪ੍ਰਕਿਰਿਆ ਸੁਸਾਇਟੀ ਫਾਰ ਪ੍ਰੋਮੋਸ਼ਨ ਆਫ ਕੁਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ ਪੰਜਵੀਂ ਮੰਜਿਲ, ਬਲਾਕ ਈ, ਵਿੰਦਿਆ ਭਵਨ (ਸਿੱਖਿਆ ਵਿਭਾਗ) ਫੇਜ਼-8, ਐਸ.ਏ.ਐਸ. ਨਗਰ (ਮੁਹਾਲੀ), ਪੰਜਾਬ ਦੁਆਰਾ ਕੀਤੀ ਜਾਵੇਗੀ।

1.0 ਦਾਖਲਾ ਪ੍ਰਕਿਰਿਆ

1.1 ਮੈਰੀਟੋਰੀਅਸ ਸਕੂਲਾਂ ਦੀਆਂ 4600 ਸੀਟਾਂ (ਅਨੁਲੱਗ-1 ਤੇ ਨੱਥੀ) ਲਈ ਦਾਖਲੇ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਹਰ ਸਾਲ ਪਹਿਲੀ ਜਨਵਰੀ ਤੋਂ ਸ਼ੁਰੂ ਹੋਇਆ ਕਰੇਗੀ। ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲੇ ਲਈ ਰਜਿਸਟ੍ਰੇਸ਼ਨ ਚਾਰਜ ਵਿਭਾਗ ਵੱਲੋਂ ਤੈਅ ਕਰਕੇ ਪਬਲਿਕ ਨੋਟਿਸ ਵਿੱਚ ਦੱਸੀ ਜਾਵੇਗੀ।

1.2 ਹੇਠ ਲਿਖੇ ਸਕੂਲਾਂ ਦੇ ਵਿਦਿਆਰਥੀ ਦਾਖਲਾ ਲੈਣ ਲਈ ਅਪਲਾਈ ਕਰਨ ਦੇ ਯੋਗ ਹੋਣਗੇ:-

1.2.1 ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਲਈ ਜਾਂਦੀ ਮੈਟ੍ਰਿਕ ਦੀ ਪ੍ਰੀਖਿਆ ਦੇ ਰਹੇ ਵਿਦਿਆਰਥੀ।

1.2.2 ਦਸ਼ਮੇਸ਼ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਬਾਦਲ, ਤਲਵੰਡੀ ਸਾਬੋ (ਬਠਿੰਡਾ), ਕੋਟਲਾ ਸੁਲਤਾਨ (ਜ਼ਿਲ੍ਹਾ ਅੰਮ੍ਰਿਤਸਰ) ਅਤੇ ਆਦਰਸ਼ ਅਤੇ ਮਾਡਲ ਸਕੂਲ ਜਿਹੜੇ ਕਿ **PSEB/PPP** ਮੋਡ ਅਧੀਨ ਆਉਂਦੇ ਹਨ, ਸਕੂਲਾਂ ਦੇ ਮੈਟ੍ਰਿਕ ਦੀ ਪ੍ਰੀਖਿਆ ਦੇ ਰਹੇ ਵਿਦਿਆਰਥੀ।

1.2.3 ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਉਨ੍ਹਾਂ ਲਈ ਰਾਖਵੀਆਂ ਦਸ ਪ੍ਰਤੀਸ਼ਤ ਸੀਟਾਂ ਵਿਰੁੱਧ ਅਪਲਾਈ ਕਰ ਸਕਦੇ ਹਨ, ਜੇਕਰ ਉਨ੍ਹਾਂ ਕੋਲ ਆਟਾ ਦਾਲ

ਸਕੀਮ/ਸਮਾਰਟ ਕਾਰਡ ਦੇ ਦਸਤਾਵੇਜ਼ੀ ਸਬੂਤ ਹੋਣ ਅਤੇ ਅਜਿਹੇ ਕਾਰਡ ਪੂਰੀ ਤਰ੍ਹਾਂ ਪੰਜਾਬ ਸਰਕਾਰ ਦੇ ਖੁਰਾਕ ਅਤੇ ਸਪਲਾਈ ਵਿਭਾਗ ਦੇ ਸਮਰੱਥ ਅਧਿਕਾਰੀ ਵੱਲੋਂ ਆਪਣੀ ਮੋਹਰ ਸਮੇਤ ਪ੍ਰਤੀ ਹਸਤਾਖਰ ਹੋਣ।

2.0 ਘੱਟੋ ਘੱਟ ਅਕਾਦਮਿਕ ਯੋਗਤਾ

2.1 ਗਿਆਰਵੀਂ ਜਮਾਤ ਵਿੱਚ ਦਾਖਲਾ ਲੈਣ ਦੇ ਚਾਹਵਾਨ ਜਨਰਲ ਕੈਟਾਗਿਰੀ ਦੇ ਪਿਛਲੇ ਅਕਾਦਮਿਕ ਸ਼ੈਸਨ ਦੀ ਦਸਵੀਂ ਜਮਾਤ ਵਿੱਚੋਂ 70% ਅੰਕ ਅਤੇ SC/ST ਕੈਟਾਗਿਰੀ ਦੇ 65% ਅੰਕ ਲੈਣ ਵਾਲੇ ਵਿਦਿਆਰਥੀ ਦਾਖਲਾ ਲੈਣ ਲਈ ਅਪਲਾਈ ਕਰਨ ਦੇ ਯੋਗ ਹੋਣਗੇ।

2.2 ਮੈਰੀਟੋਰੀਅਸ ਸਕੂਲ ਤਲਵਾੜਾ ਵਿੱਚ ਨੌਵੀਂ ਜਮਾਤ ਵਿੱਚ ਦਾਖਲਾ ਲੈਣ ਲਈ ਘੱਟੋ-ਘੱਟ ਯੋਗਤਾ ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਸਰਕਾਰੀ ਸਕੂਲ ਵਿੱਚੋਂ ਅੱਠਵੀਂ ਜਮਾਤ ਦੀ ਪ੍ਰੀਖਿਆ ਪਾਸ ਕੀਤੀ ਹੋਣਾ ਹੈ।

3.0 ਰਾਖਵਾਂਕਰਨ

3.1 ਆਟਾ ਦਾਲ/ਸਮਾਰਟ ਕਾਰਡ ਧਾਰਕਾਂ ਲਈ ਰਾਖਵਾਂਕਰਨ

3.1.1 ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਲਈ ਦਸ ਪ੍ਰਤੀਸ਼ਤ ਸੀਟਾਂ ਰਾਖਵੀਆਂ ਹੋਣਗੀਆਂ, ਜੋ ਕਿ ਖੁਰਾਕ ਅਤੇ ਸਪਲਾਈ ਵਿਭਾਗ ਦੀ ਆਟਾ ਦਾਲ ਸਕੀਮ ਦੇ ਹੱਕਦਾਰ ਪਰਿਵਾਰ ਨਾਲ ਸਬੰਧ ਰੱਖਦੇ ਹੋਣ ਭਾਵ ਉਹ ਲਾਜ਼ਮੀ ਤੌਰ ਤੇ ਸਮਾਰਟ ਕਾਰਡ ਧਾਰਕ ਹੋਣ।

3.1.2 ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਦੇ ਉਮੀਦਵਾਰਾਂ ਲਈ ਇਸ ਦਸ ਪ੍ਰਤੀਸ਼ਤ ਰਾਖਵੇਂਕਰਨ ਦਾ ਲਾਭ ਲੈਣ ਲਈ ਲਾਜ਼ਮੀ ਹੋਵੇਗਾ ਕਿ ਉਹ ਨਵੀਨਤਮ ਆਟਾ ਦਾਲ ਸਮਾਰਟ ਕਾਰਡ ਦਿਖਾਉਣ ਜਾਂ ਇਸ ਦੇ ਬਰਾਬਰ ਦਾ ਕੋਈ ਹੋਰ ਕਾਰਡ ਦਿਖਾਉਣ, ਜੋ ਕਿ ਪੰਜਾਬ ਰਾਜ ਦੇ ਖੁਰਾਕ ਅਤੇ ਸਪਲਾਈ ਵਿਭਾਗ ਦੇ ਸਮਰੱਥ ਅਧਿਕਾਰੀ ਤੋਂ, ਉਸ ਦੇ ਦਫਤਰ ਦੀ ਮੋਹਰ ਸਮੇਤ ਪ੍ਰਤੀ ਹਸਤਾਖਰ ਹੋਵੇ। ਇਹ ਪ੍ਰਤੀ ਹਸਤਾਖਰ ਛੇ ਮਹੀਨੇ ਤੋਂ ਜਿਆਦਾ ਪੁਰਾਣੇ ਨਹੀਂ ਹੋਣੇ ਚਾਹੀਦੇ।

3.1.3 ਜੇਕਰ ਇਸ ਕੋਟੇ ਦੇ ਅਧੀਨ ਯੋਗ ਵਿਦਿਆਰਥੀ ਨਹੀਂ ਮਿਲਦੇ ਤਾਂ ਇਸ ਕੋਟੇ ਦੀਆਂ ਖਾਲੀ ਸੀਟਾਂ ਜਨਰਲ ਮੈਰਿਟ ਲਿਸਟ ਵਿੱਚੋਂ 60:40 ਦੇ ਅਨੁਪਾਤ ਅਨੁਸਾਰ ਕ੍ਰਮਵਾਰ ਕੁੜੀਆਂ ਅਤੇ ਮੁੰਡਿਆਂ ਵਿੱਚੋਂ ਭਰੀਆਂ ਜਾਣਗੀਆਂ।

3.2 ਵਿਕਲਾਂਗ ਵਿਦਿਆਰਥੀਆਂ ਲਈ ਰਾਖਵਾਂਕਰਨ

3.2.1 ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਮਿਤੀ 09.01.2021 ਦੇ ਨੋਟੀਫਿਕੇਸ਼ਨ ਨੰਬਰ 11/5/2017-1SS(6SS)/92 ਅਨੁਸਾਰ ਵਿਕਲਾਂਗ ਲੜਕੀਆਂ ਲਈ ਦਸ ਪ੍ਰਤੀਸ਼ਤ ਅਤੇ ਵਿਕਲਾਂਗ ਲੜਕਿਆਂ ਲਈ ਪੰਜ ਪ੍ਰਤੀਸ਼ਤ ਸੀਟਾਂ ਰਾਖਵੀਆਂ ਹੋਣਗੀਆਂ।

3.2.2 ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਮਿਤੀ 09-01-2021 ਦੇ ਨੋਟੀਫਿਕੇਸ਼ਨ ਨੰਬਰ 11/05/2017-1SS(6SS)/92 ਅਨੁਸਾਰ ਸਿਰਫ ਉਨ੍ਹਾਂ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਏਗਾ, ਜਿਨ੍ਹਾਂ ਦੀ ਵਿਕਲਾਂਗਤਾ 40% ਜਾਂ ਇਸ ਤੋਂ ਵੱਧ ਹੋਵੇਗੀ।

3.2.3 ਦਸ ਪ੍ਰਤੀਸ਼ਤ ਵਿਕਲਾਂਗ ਕੁੜੀਆਂ ਅਤੇ ਪੰਜ ਪ੍ਰਤੀਸ਼ਤ ਵਿਕਲਾਂਗ ਮੁੰਡਿਆਂ ਲਈ ਰਾਖਵੀਆਂ ਸੀਟਾਂ ਸਿਰਫ ਉਹਨਾਂ ਵਿਕਲਾਂਗ ਵਿਦਿਆਰਥੀਆਂ ਨੂੰ ਦਿੱਤੀਆਂ ਜਾਣਗੀਆਂ, ਜਿਨ੍ਹਾਂ ਕੋਲ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਮਰੱਥ ਅਧਿਕਾਰੀ ਦੁਆਰਾ ਜਾਰੀ ਪ੍ਰਮਾਣਿਤ ਵਿਕਲਾਂਗਤਾ ਸਰਟੀਫਿਕੇਟ ਹੋਵੇਗਾ, ਜਿਸ ਵਿੱਚ 40% ਜਾਂ ਇਸ ਤੋਂ ਵੱਧ ਵਿਕਲਾਂਗਤਾ ਦਰਸਾਈ ਗਈ ਹੋਵੇ।

3.2.4 ਜੇਕਰ ਇਸ ਕੋਟੇ ਅਧੀਨ ਯੋਗ ਵਿਦਿਆਰਥੀ ਨਹੀਂ ਮਿਲਦੇ ਤਾਂ ਇਸ ਕੋਟੇ ਦੀਆਂ ਖਾਲੀ ਸੀਟਾਂ ਜਨਰਲ ਮੈਰਿਟ ਲਿਸਟ ਵਿੱਚੋਂ 60:40 ਦੇ ਅਨੁਪਾਤ ਅਨੁਸਾਰ ਕ੍ਰਮਵਾਰ ਕੁੜੀਆਂ ਅਤੇ ਮੁੰਡਿਆਂ ਵਿੱਚੋਂ ਭਰੀਆਂ ਜਾਣਗੀਆਂ।

3.3 ਵੂਮੈਨ ਹੈਡਡ ਹਾਊਸਹੋਲਡ ਦੀਆਂ ਕੁੜੀਆਂ ਲਈ ਰਾਖਵਾਂਕਰਨ

3.3.1 ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਮਿਤੀ 09-01-2021 ਦੇ ਨੋਟੀਫਿਕੇਸ਼ਨ ਨੰ: 11/05/2017-3SS(2SS)/74 ਅਨੁਸਾਰ ਵੀਹ ਪ੍ਰਤੀਸ਼ਤ ਸੀਟਾਂ ਵੂਮੈਨ ਹੈਡਡ ਹਾਊਸਹੋਲਡ ਲਈ ਰਾਖਵੀਆਂ ਹਨ।

3.3.2 ਉਮੀਦਵਾਰਾਂ ਨੂੰ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲੇ ਲਈ ਵੂਮੈਨ ਹੈਡਡ ਹਾਊਸਹੋਲਡ ਕੈਟਾਗਿਰੀ ਦਾ ਲਾਭ ਲੈਣ ਲਈ ਪ੍ਰਮਾਣਿਤ ਸਬੂਤ ਦਿਖਾਉਣਾ ਜ਼ਰੂਰੀ ਹੋਵੇਗਾ।

3.3.3 ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਨੋਟੀਫਿਕੇਸ਼ਨ ਨੰ: 11/5/2017-3SS(2SS)/74 ਮਿਤੀ 09-01-2021 ਅਨੁਸਾਰ ਵੀਹ ਪ੍ਰਤੀਸ਼ਤ ਕੋਟੇ ਦੀਆਂ ਰਾਖਵੀਆਂ ਸੀਟਾਂ ਸਿਰਫ ਲੜਕੀਆਂ ਨੂੰ ਹੀ ਦਿੱਤੀਆਂ ਜਾਣਗੀਆਂ। ਕੋਈ ਵੀ ਔਰਤ ਘਰ ਦੀ ਮੁੱਖੀ ਹੋ ਸਕਦੀ ਹੈ, ਚਾਹੇ ਉਹ ਦਾਦੀ ਹੋਵੇ (ਮਾਤਾ ਪਿਤਾ ਦੋਵਾਂ ਦੀ ਮੌਤ ਹੋਣ ਦੀ ਸੂਰਤ ਵਿੱਚ), ਜਾਂ ਮਾਂ ਹੋਵੇ (ਪਿਤਾ ਦੀ ਮੌਤ, ਤਲਾਕ, ਵਿਕਲਾਂਗ ਪਿਤਾ, ਜੋ ਕੰਮ ਕਰਨ/ਕਮਾਉਣ ਦੇ ਯੋਗ ਨਾ ਹੋਵੇ, ਪਿਤਾ ਦੀ ਲੰਮੇ ਸਮੇਂ ਤੋਂ ਘਰ ਤੋਂ ਗੈਰਹਾਜਰੀ/ਗੈਰਮੌਜੂਦਗੀ, ਘੱਟੋ ਘੱਟ ਸੱਤ ਸਾਲ ਲਈ) ਜਾਂ ਵੱਡੀ ਭੈਣ (ਮਾਤਾ ਪਿਤਾ ਦੋਵਾਂ ਦੀ ਮੌਤ ਹੋਣ ਦੀ ਸੂਰਤ ਵਿੱਚ)। ਮਾਤਾ ਪਿਤਾ ਦੋਵਾਂ ਦੀ ਮੌਤ ਹੋਣ ਦੀ ਸੂਰਤ ਵਿੱਚ ਜਾਂ ਪਿਤਾ ਦੀ ਗੁੰਮਸ਼ੁਦਗੀ/ ਵਿਕਲਾਂਗਤਾ/ਤਲਾਕ ਦੇ ਕੇਸ ਵਿਚ ਸਬੰਧਤ ਪ੍ਰਮਾਣਿਤ ਸਰਟੀਫਿਕੇਟ ਜੋ ਕਿ ਸਮਰੱਥ ਅਧਿਕਾਰੀ ਦੁਆਰਾ ਜਾਰੀ ਕੀਤਾ ਗਿਆ ਹੋਵੇ, ਦਿਖਾਉਣਾ ਲਾਜ਼ਮੀ ਹੋਵੇਗਾ।

ਜੇਕਰ ਇਸ ਕੋਟੇ ਅਧੀਨ ਯੋਗ ਵਿਦਿਆਰਥੀ ਨਹੀਂ ਮਿਲਦੇ ਤਾਂ ਇਸ ਕੋਟੇ ਦੀਆਂ ਖਾਲੀ ਸੀਟਾਂ ਲੜਕੀਆਂ ਦੀ ਜਰਨਲ ਮੈਰਿਟ ਲਿਸਟ ਵਿੱਚੋਂ ਭਰੀਆਂ ਜਾਣਗੀਆਂ।

4.0 ਚੋਣ ਪ੍ਰਕਿਰਿਆ

4.1 ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲਾ, ਦਾਖਲਾ ਪ੍ਰਵੇਸ਼ ਪ੍ਰੀਖਿਆ ਦੀ ਮੈਰਿਟ ਦੇ ਅਧਾਰ ਤੇ ਦਿੱਤਾ ਜਾਵੇਗਾ। ਦਾਖਲਾ ਪ੍ਰਵੇਸ਼ ਪ੍ਰੀਖਿਆ 100 ਅੰਕਾਂ ਦੀ ਹੋਵੇਗੀ, ਜੋ ਕਿ ਅੰਗ੍ਰੇਜੀ, ਗਣਿਤ ਅਤੇ ਵਿਗਿਆਨ ਵਿਸ਼ਿਆਂ ਨਾਲ ਸਬੰਧਿਤ ਹੋਵੇਗੀ। ਇਸ ਪ੍ਰੀਖਿਆ ਵਿੱਚੋਂ ਪਾਸ ਹੋਣ ਲਈ ਉਮੀਦਵਾਰ ਨੂੰ ਹਰ ਇੱਕ ਵਿਸ਼ੇ ਵਿੱਚੋਂ ਘੱਟੋ ਘੱਟ 33% ਅੰਕ ਅਤੇ ਸਾਰੇ ਵਿਸ਼ਿਆਂ ਵਿੱਚੋਂ ਕੁੱਲ ਮਿਲਾ ਕੇ 50% ਅੰਕ ਪ੍ਰਾਪਤ ਕਰਨੇ ਲਾਜ਼ਮੀ ਹੋਣਗੇ। ਜੇਕਰ ਦੋ ਜਾਂ ਦੋ ਤੋਂ ਵੱਧ ਵਿਦਿਆਰਥੀਆਂ ਦੇ ਬਰਾਬਰ ਅੰਕ ਆਉਂਦੇ ਹਨ ਤਾਂ ਵੱਡੀ ਉਮਰ ਵਾਲੇ ਵਿਦਿਆਰਥੀ ਨੂੰ ਪਹਿਲ ਦਿੱਤੀ ਜਾਵੇਗੀ।

5.0 ਕਾਊਂਸਲਿੰਗ, ਸਕਰੂਟਨੀ ਅਤੇ ਵੈਰੀਫਿਕੇਸ਼ਨ

5.1 ਦਾਖਲੇ ਲਈ ਕੇਂਦਰੀਕ੍ਰਿਤ ਕਾਊਂਸਲਿੰਗ ਆਨਲਾਇਨ ਹੋਵੇਗੀ। ਮੈਰੀਟੋਰੀਅਸ ਸੁਸਾਇਟੀ ਦੇ ਪ੍ਰੋਜੈਕਟ ਡਾਇਰੈਕਟਰ, ਸਹਾਇਕ ਪ੍ਰੋਜੈਕਟ ਡਾਇਰੈਕਟਰ ਅਤੇ ਸੁਪਰਡੰਟ ਕਾਊਂਸਲਿੰਗ ਅਤੇ ਦਾਖਲਾ ਪ੍ਰਕਿਰਿਆ ਦੀ ਪੂਰਨ ਨਿਗਰਾਨੀ ਕਰਨਗੇ। ਜ਼ਿਲ੍ਹਾ ਪੱਧਰ ਤੇ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਮੈਰਿਟ ਦੇ ਅਧਾਰ ਤੇ ਅਤੇ ਸੀਟਾਂ ਦੀ ਉਪਲੱਬਧਤਾ ਦੇ ਆਧਾਰ ਤੇ ਸੀਟ ਅਲਾਟ ਕਰਨ ਤੋਂ ਪਹਿਲਾਂ ਦਸਤਾਵੇਜ਼ਾਂ ਦੀ ਪੜਤਾਲ ਕਰਨ ਅਤੇ ਦਸਤਾਵੇਜ਼ਾਂ ਦੀ ਪ੍ਰਮਾਣਿਕਤਾ ਜਾਂਚਣ ਲਈ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ।

5.2 ਬਾਕੀ ਬਚਦੇ ਉਮੀਦਵਾਰਾਂ ਦੀ ਵੇਟਿੰਗ ਲਿਸਟ ਮੈਰਿਟ ਅਨੁਸਾਰ ਤਿਆਰ ਕਰਕੇ ਵੈਬਸਾਈਟ ਤੇ ਪਾਈ ਜਾਵੇਗੀ, ਜਿਸ ਵਿਚੋਂ ਪਹਿਲੇ ਫੇਜ਼ ਦੀ ਆਨਲਾਈਨ ਕਾਊਂਸਲਿੰਗ ਤੋਂ ਬਾਅਦ ਖਾਲੀ ਰਹਿ ਗਈਆਂ ਸੀਟਾਂ ਭਰੀਆਂ ਜਾਣਗੀਆਂ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਾਊਂਸਲਿੰਗ ਪ੍ਰਕਿਰਿਆ ਅਨੁਸਾਰ ਦਾਖਲਾ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਇੱਕ ਹਫਤੇ ਦੇ ਅੰਦਰ-ਅੰਦਰ ਸਕੂਲ ਵਿੱਚ ਰਿਪੋਰਟ ਕਰੇਗਾ।

ਜੇਕਰ ਵਿਦਿਆਰਥੀ ਤੈਅ ਦਿਨਾਂ ਦੇ ਅੰਦਰ-ਅੰਦਰ ਸਬੰਧਤ ਸਕੂਲ ਵਿੱਚ ਰਿਪੋਰਟ ਨਹੀਂ ਕਰਦਾ ਤਾਂ ਉਸ ਦੀ ਸੀਟ ਖਾਲੀ ਸਮਝ ਲਈ ਜਾਵੇਗੀ।

6.0 ਫੀਸ

6.1 ਰਜਿਸਟਰੇਸ਼ਨ ਚਾਰਜ ਤੋਂ ਇਲਾਵਾ ਵਿਦਿਆਰਥੀਆਂ ਕੋਲੋਂ ਕਿਸੇ ਵੀ ਪ੍ਰਕਾਰ ਦੀ ਹੋਰ ਫੀਸ ਜਾਂ ਫੰਡ ਨਹੀਂ ਲਿਆ ਜਾਵੇਗਾ।

7.0 ਨਕਲੀ ਦਸਤਾਵੇਜ਼

7.1 ਜੇਕਰ ਕੋਈ ਉਮੀਦਵਾਰ ਕਿਸੇ ਵੀ ਪ੍ਰਕਾਰ ਦੇ ਗਲਤ, ਜਾਅਲੀ, ਮਨਘੜਤ ਜਾਂ ਛੇੜਛਾੜ ਵਾਲੇ ਦਸਤਾਵੇਜ਼ਾਂ ਦੀ ਮਦਦ ਨਾਲ ਦਾਖਲਾ ਲੈਂਦਾ ਪਾਇਆ ਜਾਂਦਾ ਹੈ ਤਾਂ ਉਸਦਾ ਦਾਖਲਾ ਕਿਸੇ ਵੀ ਸਮੇਂ ਰੱਦ ਕੀਤਾ ਜਾ ਸਕਦਾ ਹੈ, ਇਸ ਦੇ ਨਾਲ ਉਸ ਤੇ ਅਪਰਾਧਿਕ ਕੇਸ ਦਰਜ ਕੀਤਾ ਜਾਵੇਗਾ ਅਤੇ ਉਹ ਵਿਦਿਆਰਥੀ ਭਵਿੱਖ ਵਿੱਚ ਕਦੇ ਵੀ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲਾ ਨਹੀਂ ਲੈ ਸਕੇਗਾ।

ਕਿਸੇ ਵੀ ਕਿਸਮ ਦੇ ਵਿਵਾਦ ਵਿਚ ਪ੍ਰੋਜੈਕਟ ਡਾਇਰੈਕਟਰ ਦੁਆਰਾ ਅੰਤਿਮ ਫੈਸਲਾ ਲਿਆ ਜਾਵੇਗਾ।

ਜਸਪ੍ਰੀਤ ਤਲਵਾੜ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਚੰਡੀਗੜ੍ਹ
ਮਿਤੀ 9 ਅਪ੍ਰੈਲ, 2023

Annexure - I

School wise/class wise/ stream wise/reservation wise break up of seats.

(I) Meritorious School, Amritsar, Bathinda, Jalandhar, Ludhiana, Mohali & Patiala (Per School).



(II) Meritorious School, Ferozepur, Gurdaspur& Sangrur (Per School).



(III) Meritorious School, Talwara



(IV) Meritorious School, Talwara (9th class) (50 Seats)

Total Seats in 9th class – 50 (girls only)

- Open Seat - 35
- WHH - 10
- Disabled - 5

Note

Open seats, WHH seats and Disabled seats can be filled from government schools affiliated to Punjab School Education Board, Dashmesh Girls Senior Secondary School, Badal; Talwandi Sabo (Distt. Bathinda); Kotla Sultan (Distt. Amritsar) and Adarsh & Modal Schools under PEDB/ PPP Mode only.

Abbreviation

WHH- Women Headed Household

2827/5-2023/Pb. Govt. Press, S.A.S. Nagar

Admission process

75% of seats in each SoE will be reserved for students from government schools, including local body schools in Punjab. The remaining 25% of seats will be available for students studying in any other recognized schools in Punjab affiliated to State and National Institute of Open Schooling (NIOS); however, if seats reserved for the students from private schools remain vacant or unfilled, those seats will be allotted to the students from government schools, including local body and government-aided schools in Punjab.

1.1 Online application forms for registration will be made available on the website of the Department of School Education, Punjab.

1.2 All students currently studying in Class 8th and 10th in the schools of Punjab are eligible to apply for admission to these schools.

1.3 Students studying in any recognized school in a cluster (as defined in Annexure-I) will be eligible to apply to the School of Eminence of that particular cluster only.

1.4 Common aptitude tests will be conducted for admission in SOEs in classes 9th and 11th.

1.5 Reservation criteria for admission in SoE will be as per the guidelines of the Department of Welfare of Scheduled castes, Backward Class, and Minorities Govt. of Punjab as per the Punjab Scheduled Castes and Backward Castes (Reservation in Services) Act, 2006 (Punjab Act No. 22 of 2006).

1.6 The syllabus for the aptitude test will be uploaded by the SCERT on the website.

1.7 The minimum qualifying marks for the admission test are 35% in subjects and 35% in reasoning and 40% in total.

1.8 Students from the reserved categories will be eligible for a relaxation of 5% marks in the sectional and aggregate cutoff.

1.9 Students who did not pass their respective exams of classes 8th and 10th or got reappear/compartment in any subject will not be eligible for admission in the SoEs.

Eligibility for admission in SoE:

Students currently enrolled in classes 8th and 10th are eligible to appear for the test for admission to classes 9th and 11th, respectively. However, their admission to the SoE will be considered if they have passed the previous class examination and qualified the aptitude test.

Selection criterion:

a) The minimum qualifying marks for the admission test are 35% in subjects and 35% in reasoning and 40% in total.

b) Students from the reserved categories will be eligible for a relaxation of 5% marks in the sectional and aggregate cutoff.

c) Students who did not pass their respective exams of classes 8th and 10th or got reappear/compartment in any subject will not be eligible for admission in the SoEs.

d) Once the aptitude tests are evaluated, class-wise and category-wise merit lists of students will be released on the website for each of the SoE.

e) For class 11th, the students will be allotted their preferred streams based on their merit in the respective section in the aptitude test.

f) The allotment of seats for students in class 11th for their preferred streams will be based on the marks scored in the specified section in the aptitude test.

Reservation criteria for admission in SoE

Reservation criteria for admission in SoE will be as per the guidelines of the Department of Welfare of Scheduled castes, Backward Class, and Minorities Govt. of Punjab as per the Punjab Scheduled Castes and Backward Castes (Reservation in Services) Act, 2006 (Punjab Act No. 22 of 2006).

Physically Challenged

4% for **Physically Challenged** Group of Students, with benchmark disabilities of which, one percent (1%) each shall be reserved for persons with benchmark disabilities under clauses (a), (b) and (c) and one per cent (1%) for persons with benchmark disabilities under clauses (d) and (e) namely:

(a) blindness and low vision; (BLV)

(b) deaf and hard of hearing; (DH)

(c) locomotor disability including cerebral palsy, leprosy cured, dwarfism, acid attack victims and muscular dystrophy; (LD)

(d) autism, intellectual disability, specific learning disability and mental illness; (AID)

(e) multiple disabilities from amongst persons under clauses (a) to (d) including deaf- blindness in the posts identified for each disabilities' (MD)

Physically Challenged

4% for **Physically Challenged** Group of Students, with benchmark disabilities of which, one percent (1%) each shall be reserved for persons with benchmark disabilities under clauses (a), (b) and (c) and one per cent (1%) for persons with benchmark disabilities under clauses (d) and (e) namely:

(a) blindness and low vision; (BLV)

(b) deaf and hard of hearing; (DH)

(c) locomotor disability including cerebral palsy, leprosy cured, dwarfism, acid attack victims and muscular dystrophy; (LD)

(d) autism, intellectual disability, specific learning disability and mental illness; (AID)

(e) multiple disabilities from amongst persons under clauses (a) to (d) including deaf- blindness in the posts identified for each disabilities' (MD)

Number of Seat

1. 75% of seats are reserved for government school students & 25% seats are reserved for private school students.
2. In each SOE, there are 4 sections (i.e Science (Non-Medical), Science (Medical), Commerce & Humanities) with 32 seats in each section for class 11th & one section with 36 seats for class 9th
3. There are total 118 SOE Schools in all 23 districts, as follows:

Sno	District	UDISE	School
1	AMRITSAR	3020803502	School of Eminence Chheharta, Amritsar. District Amritsar
2	AMRITSAR	3020800501	Saragarhi Memorial School of Eminence, Town Hall, Mall Mandi Amritsar, District Amritsar
3	AMRITSAR	3020404001	School of Eminence for Girls Jandiala Guru, District Amritsar
4	AMRITSAR	3020804403	School of Eminence for Girls, Mall Road Amritsar, District Amritsar
5	AMRITSAR	3020801809	Shaheed Gurmeet Singh School of Eminence for Girls Sultanwind, District Amritsar
6	AMRITSAR	3020804802	School of Eminence Karampura, District Amritsar
7	AMRITSAR	3020100103	School of Eminence Ajnala, District Amritsar
8	AMRITSAR	3020402502	School of Eminence Varpal Kalan, District Amritsar
9	BARNALA	3200106609	School of Eminence Barnala, District Barnala
10	BARNALA	3200305601	School of Eminence Bhadaur, District Barnala

11	BARNALA	3200202602	Shaheed Bibi Kiranjit Kaur Memorial School of Eminence Mehal Kalan, District Barnala
12	BATHINDA	3140800202	School of Eminence Bangi Kalan, District Bathinda
13	BATHINDA	3140109901	School of Eminence Kot Shamir, District Bathinda
14	BATHINDA	3140112501	Shaheed Sipahi Sandeep Singh School of Eminence Parasram Nagar Bathinda , District Bathinda
15	BATHINDA	3140303208	School of Eminence Ram Nagar, District Bathinda
16	BATHINDA	3140400402	School of Eminence Bhucho Kalan, District Bathinda
17	BATHINDA	3140504801	School of Eminence Mandi Phul Rampura, District Bathinda
18	FARIDKOT	3130104303	Balbir School of Eminence Faridkot, District Faridkot
19	FARIDKOT	3130207701	Dr. Hari Singh Sewak School of Eminence Kotkapura, District Faridkot
20	FARIDKOT	3130203604	Hsn School of Eminence Jaitu, District Faridkot
21	FATEHGARH SAHIB	3080110402	Mata Gujri School of Eminence Fatehgarh Sahib, District Fatehgarh Sahib
22	FATEHGARH SAHIB	3080200801	School of Eminence Amloh, District Fatehgarh Sahib
23	FATEHGARH SAHIB	3080508402	School of Eminence Khamano Kalan, District Fatehgarh Sahib
24	FAZILKA	3210500102	School of Eminence Arniwala Sheikh Subhan, District Fazilka
25	FAZILKA	3210312101	School of Eminence Fazilka, District Fazilka
26	FAZILKA	3210415904	School of Eminence Jalalabad (W) Fazilka, District Fazilka
27	FAZILKA	3210103704	School of Eminence Ramsara, District Fazilka

Structure of the Aptitude Test

1. Common aptitude tests will be conducted for admission in classes 9th and 11th. The Test will be based on the syllabus of classes 8th and 10th respectively. Tests will be conducted in bilingual i.e. **English and Punjabi** medium.

2. Format of the test -

   - There will be 150 questions for the class IX and XI aptitude tests.
   - Each question will have 1 mark.
   - The aptitude test duration will be 3 (three) hours.

Syllabus of the Aptitude Test

3. **The distribution of questions as per subject will be as under for the aptitude test of Class IX:**

Section	Syllabus	Total no. of questions	Marks
Language & Proficiency English: Hindi: Punjabi (10:10:10)	Reading comprehension and language ability based on the syllabus of grade 8 as recommended by the Punjab School Education Board	30	30
Science (Physics: Chemistry: Biology) (10:10:10)	Basic mathematics based on the syllabus of grade 8 as recommended by the Punjab School Education Board	30	30
Maths	Basic science based on the syllabus of grade 8 as recommended by the Punjab School Education Board	30	30
Social Science (Geography: History: Civics) (09:12:09)	Basic social science based on the syllabus of grade 8 as recommended by the Punjab School Education Board	30	30

Logical Reasoning	Visualize shapes and structures based on described dimensions. Demonstrate how shapes combine with each other by visualizing shapes, and forms. Reason with signs and shapes; to notice details in graphical presentations quickly. Demonstrate perception of the operating principles behind changes in pattern and use the evidence to find what would logically follow	15	15
Verbal Reasoning	Understand concepts hidden in words, with the ability to abstract or generalize beyond mere vocabulary recognition Demands a good level of vocabulary	15	15

4. The distribution of questions as per subject will be as under for the aptitude test of Class XI:

Section	**Syllabus**	**Total no. of questions**	**Marks**
Language & Proficiency English: Hindi: Punjabi (10:10:10)	Reading comprehension and language ability based on the syllabus of grade 10 as recommended by the Punjab School Education Board	30	30
Science (Physics: Chemistry: Biology) (10:10:10)	Basic mathematics based on the syllabus of grade 10 as recommended by the Punjab School Education Board	30	30
Maths	Basic science based on the syllabus of grade 10 as recommended by the Punjab School Education Board	30	30

Social Science (Geography: History: Civics: Economics) (09:09:06:06)	Basic social science based on the syllabus of grade 10 as recommended by the Punjab School Education Board	30	30
Logical Reasoning	Visualize shapes and structures based on described dimensions Demonstrate how shapes combine with each other by visualizing shapes, forms Reason with signs and shapes; to notice details in graphical presentations quickly Demonstrate perception of the operating principles behind changes in pattern and use the evidence to find what would logically follow	15	15
Verbal Reasoning	Understand concepts hidden in words, with the ability to abstract or generalize beyond mere vocabulary recognition Demands a good level of vocabulary	15	15

List Of 118 School Of Eminence (SOE) Schools

Sno	District	UDISE	School
1	AMRITSAR	3020803502	School of Eminence Chheharta, Amritsar. District Amritsar
2	AMRITSAR	3020800501	Saragarhi Memorial School of Eminence, Town Hall, Mall Mandi Amritsar, District Amritsar
3	AMRITSAR	3020404001	School of Eminence for Girls Jandiala Guru, District Amritsar
4	AMRITSAR	3020804403	School of Eminence for Girls, Mall Road Amritsar, District Amritsar
5	AMRITSAR	3020801809	Shaheed Gurmeet Singh School of Eminence for Girls Sultanwind, District Amritsar
6	AMRITSAR	3020804802	School of Eminence Karampura, District Amritsar
7	AMRITSAR	3020100103	School of Eminence Ajnala, District Amritsar
8	AMRITSAR	3020402502	School of Eminence Varpal Kalan, District Amritsar
9	BARNALA	3200106609	School of Eminence Barnala, District Barnala
10	BARNALA	3200305601	School of Eminence Bhadaur, District Barnala
11	BARNALA	3200202602	Shaheed Bibi Kiranjit Kaur Memorial School of Eminence Mehal Kalan, District Barnala
12	BATHINDA	3140800202	School of Eminence Bangi Kalan, District Bathinda
13	BATHINDA	3140109901	School of Eminence Kot Shamir, District Bathinda
14	BATHINDA	3140112501	Shaheed Sipahi Sandeep Singh School of Eminence Parasram Nagar Bathinda , District Bathinda

15	BATHINDA	3140303208	School of Eminence Ram Nagar, District Bathinda
16	BATHINDA	3140400402	School of Eminence Bhucho Kalan, District Bathinda
17	BATHINDA	3140504801	School of Eminence Mandi Phul Rampura, District Bathinda
18	FARIDKOT	3130104303	Balbir School of Eminence Faridkot, District Faridkot
19	FARIDKOT	3130207701	Dr. Hari Singh Sewak School of Eminence Kotkapura, District Faridkot
20	FARIDKOT	3130203604	Hsn School of Eminence Jaitu, District Faridkot
21	FATEHGARH SAHIB	3080110402	Mata Gujri School of Eminence Fatehgarh Sahib, District Fatehgarh Sahib
22	FATEHGARH SAHIB	3080200801	School of Eminence Amloh, District Fatehgarh Sahib
23	FATEHGARH SAHIB	3080508402	School of Eminence Khamano Kalan, District Fatehgarh Sahib
24	FAZILKA	3210500102	School of Eminence Arniwala Sheikh Subhan, District Fazilka
25	FAZILKA	3210312101	School of Eminence Fazilka, District Fazilka
26	FAZILKA	3210415904	School of Eminence Jalalabad (W) Fazilka, District Fazilka
27	FAZILKA	3210103704	School of Eminence Ramsara, District Fazilka
28	FEROZEPUR	3110717004	School of Eminence Ferozepur City, District Ferozepur
29	FEROZEPUR	3111018301	Shahid Sukhwinder Singh School of Eminence Mallanwala Khas, District Ferozepur
30	FEROZEPUR	3110604804	School of Eminence Mamdot Utar, District Ferozepur
31	FEROZEPUR	3110514901	School of Eminence, Guru Har Sahai, District Ferozepur
32	GURDASPUR	3010713831	School of Eminence Batala , District Gurdaspur

ਮੈਰੀਟੋਰੀਅਸ ਸਕੂਲਾਂ ਵਿੱਚ 9ਵੀਂ ਮੈਰੀਟੋਰੀਅਸ ਸਕੂਲ ਤਲਵਾੜਾ (ਕੇਵਲ ਲੜਕੀਆਂ ਲਈ) ਅਤੇ ਦੱਸ ਮੈਰੀਟੋਰੀਅਸ ਸਕੂਲਾਂ ਵਿੱਚ 11ਵੀਂ ਸ੍ਰੇਣੀ ਲਈ (ਮੈਡੀਕਲ, ਨਾਨ-ਮੈਡੀਕਲ ਅਤੇ ਕਾਮਰਸ ਸਟਰੀਮ) ਦੇ ਸੈਸ਼ਨ 2026-27 ਦਾਖਲਿਆਂ ਸੰਬੰਧੀ (ਰਜਿਸਟ੍ਰੇਸ਼ਨ, ਕਾਊਂਸਲਿੰਗ) 10 ਮੈਰੀਟੋਰੀਅਸ ਵਿੱਚੋਂ ਇਕ-ਇੱਕ ਨੋਡਲ ਅਫ਼ਸਰ ਨਿਯੁਕਤ ਕੀਤੇ ਹਨ, ਜਿਨ੍ਹਾਂ ਦੇ ਵੇਰਵੇ ਨਿਮਨ ਅਨੁਸਾਰ ਹਨ:-

ਲੜੀ ਨੰ.	ਨਾਮ ਸ੍ਰੀ/ਸ੍ਰੀਮਤੀ/ ਮਿਸ	ਅਹੁਦਾ / ਮੈਰੀਟੋਰੀਅਸ ਸਕੂਲ ਦਾ ਨਾਮ	ਫੋਨ ਨੰ.
1	ਦਲਜੀਤ ਕੌਰ	ਲੈਕਚਰਾਰ ਅੰਗਰੇਜੀ ਮੈਰੀਟੋਰੀਅਸ ਸਕੂਲ, ਅੰਮ੍ਰਿਤਸਰ	82643-13699
2	ਡਾ. ਬਲਰਾਜ ਸਿੰਘ	ਲੈਕਚਰਾਰ ਪੰਜਾਬੀ, ਮੈਰੀਟੋਰੀਅਸ ਸਕੂਲ, ਬਠਿੰਡਾ	94172-54565
3	ਮਨੋਜ	ਲੈਕਚਰਾਰ ਫਿਜਿਕਸਸ, ਮੈਰੀਟੋਰੀਅਸ ਸਕੂਲ, ਫਿਰੋਜਪੁਰ	94645-53030
4	ਮੋਨਿਕਾ ਰਾਣੀ	ਲੈਕਚਰਾਰ ਕੈਮਿਸਟਰੀ, ਮੈਰੀਟੋਰੀਅਸ ਸਕੂਲ ਗੁਰਦਾਸਪੁਰ	94179-08790
5	ਪਾਇਲ ਗਰਗ	ਲੈਕਚਰਾਰ ਕੈਮਿਸਟਰੀ, ਮੈਰੀਟੋਰੀਅਸ ਸਕੂਲ, ਜਲੰਧਰ	82840-95346
6	ਸੁਭਰਾ ਮਲਹੋਤਰਾ	ਲੈਕਚਰਾਰ ਕਾਮਰਸ ,ਮੈਰੀਟੋਰੀਅਸ ਸਕੂਲ, ਲੁਧਿਆਣਾ	99152-72100
7	ਰਵਨੀਤ ਗਿੱਲ	ਲੈਕਚਰਾਰ ਕੈਮਿਸਟਰੀ ਮੈਰੀਟੋਰੀਅਸ ਸਕੂਲ, ਮੋਹਾਲੀ	76965-37383
8	ਗਗਨਦੀਪ ਬਾਂਸਲ	ਲੈਕਚਰਾਰ ਕੈਮਿਸਟਰੀ ਮੈਰੀਟੋਰੀਅਸ ਸਕੂਲ, ਪਟਿਆਲਾ	90411-50125
9	ਮੁਨੀਸ਼ ਕੁਮਾਰ	ਲੈਕਚਰਾਰ ਪੰਜਾਬੀ, ਮੈਰੀਟੋਰੀਅਸ ਸਕੂਲ, ਸੰਗਰੂਰ	62843-21359
10	ਜਗਬੀਰ ਸਿੰਘ	ਲੈਕਚਰਾਰ ਕਾਮਰਸ ,ਮੈਰੀਟੋਰੀਅਸ ਸਕੂਲ ,ਤਲਵਾੜਾ	98153-87476

ਪ੍ਰੋਜੈਕਟ ਡਾਇਰੈਕਟਰ
ਮੈਰੀਟੋਰੀਅਸ ਸੁਸਾਇਟੀ ਪੰਜਾਬ

Scanned with OKEN Scanner